ਹਵਾਲਾ ਨੰ: 18-21 ਮਿਤੀ : 06.05.2022


**ਕਾਨੂੰਨੀ ਸਲਾਹਕਾਰ / ਵਕੀਲ**

**ਸ੍ਰੀ ਹਰੀ ਚੰਦ ਅਰੋੜਾ**
ਪੰਜਾਬ ਅਤੇ ਹਰਿਆਣਾ ਹਾਈਕੋਰਟ, ਚੰਡੀਗੜ੍ਹ
ਮੋ.: 98140-13764

**ਸ੍ਰੀ ਹਰੀਸ਼ ਰਾਏ ਢਾਂਡਾ**
ਲੁਧਿਆਣਾ
ਮੋ.: 98141-20300

**ਸ੍ਰੀ ਮਿੱਤਰ ਸੈਨ ਮੀਤ**
ਲੁਧਿਆਣਾ
ਮੋ.: 98556-31777

**ਸੰਚਾਲਕ**

**ਸ੍ਰ ਦਵਿੰਦਰ ਸਿੰਘ ਸੇਖਾ**
ਮੋ.: 98140-70581

**ਪ੍ਰੋ ਇੰਦਰਪਾਲ ਸਿੰਘ**
ਮੋ.: 82838-11912

**ਸ੍ਰ ਸੁਖਇੰਦਰ ਪਾਲ ਸਿੰਘ**
ਮੋ.: +1 (780) 884 0788

**ਸ੍ਰ ਆਰ. ਪੀ. ਸਿੰਘ**
ਮੋ.: 97790 48083


ਵੱਲ

ਪ੍ਰਮੁੱਖ ਸਕੱਤਰ

ਉਚੇਰੀ ਸਿੱਖਿਆ ਅਤੇ ਭਾਸ਼ਾ ਵਿਭਾਗ,

ਪੰਜਾਬ ਸਰਕਾਰ, ਚੰਡੀਗੜ੍ਹ। pshe@punjab.gov.in

ਵਿਸ਼ਾ: ਡਾਇਰੈਕਟਰ, ਭਾਸ਼ਾ ਵਿਭਾਗ, ਪਟਿਆਲਾ ਦੇ ਦਫ਼ਤਰ ਵਲੋਂ, ਪੰਜਾਬੀ ਭਾਸ਼ਾ ਦੇ ਵਿਕਾਸ ਅਤੇ ਪਸਾਰ ਨਾਲ ਸਬੰਧਤ ਵਿਸ਼ਿਆਂ ਬਾਰੇ ਲਿਖੀਆਂ ਚਿੱਠੀਆਂ ਦਾ, ਲਿਖਣ ਵਾਲਿਆਂ ਨੂੰ ਸਮੇਂ ਸਿਰ ਜਵਾਬ ਦੇਣ ਲਈ ਨਿਰਦੇਸ਼ ਦੇਣ ਲਈ ਬੇਨਤੀ।

ਸਤਿਕਾਰਯੋਗ ਮੈਡਮ ਸਹਿਬਾ ਜੀ

ਪੰਜਾਬੀ ਭਾਸ਼ਾ ਪਸਾਰ ਭਾਈਚਾਰਾ ਸਾਰੇ ਸੰਸਾਰ ਵਿਚ ਫੈਲੇ 11 ਕਰੋੜ ਪੰਜਾਬੀਆਂ ਦੀ ਪ੍ਰਤੀਨਿਧ ਸੰਸਥਾ ਹੈ। ਭਾਰਤੀ ਪੰਜਾਬ ਵਿਚ ਇਹ ਮਾਂ ਬੋਲੀ ਪੰਜਾਬੀ ਨੂੰ ਸਰਕਾਰ, ਵਪਾਰ, ਰੁਜ਼ਗਾਰ ਅਤੇ ਪਰਿਵਾਰ ਵਿਚ ਬਣਦੀ ਸਤਿਕਾਰ ਯੋਗ ਥਾਂ ਦਵਾਉਣ ਲਈ ਸੰਘਰਸ਼ ਸ਼ੀਲ ਹੈ। 'ਪੰਜਾਬੀ ਵਿਕਾਸ ਮੰਚ' ਪੰਜਾਬੀ ਭਾਸ਼ਾ ਨੂੰ ਦਰਪੇਸ਼ ਸਮੱਸਿਆਵਾਂ ਨੂੰ ਕਾਨੂੰਨ ਦੀਆਂ ਵਿਵਸਥਾਵਾਂ ਰਾਹੀਂ ਸਲਝਾਉਣ ਲਈ ਸਥਾਪਤ ਕੀਤੀ ਗਈ ਇਸ ਅਦਾਰੇ ਦੀ ਇਕ ਸ਼ਾਖਾ ਹੈ।

ਪੰਜਾਬੀ ਵਿਕਾਸ ਮੰਚ ਡਾਇਰੈਕਟਰ, ਭਾਸ਼ਾ ਵਿਭਾਗ, ਪਟਿਆਲਾ ਦੇ ਦਫ਼ਤਰ ਦੇ ਕੰਮ ਕਾਜ ਨਾਲ ਸਬੰਧਤ ਕੁੱਝ ਮਸਲੇ, ਨਿਮਰਤਾ ਸਹਿਤ, ਆਪ ਜੀ ਦੇ ਧਿਆਨ ਵਿਚ ਲਿਆ ਰਿਹਾ ਹੈ।

1.ਪੰਜਾਬੀ ਭਾਸ਼ਾ ਪਸਾਰ ਭਾਈਚਾਰਾ ਅਤੇ ਇਸ ਦੀਆਂ ਵੱਖ ਵੱਖ ਸ਼ਾਖਾਵਾਂ ਵੱਲੋਂ ਪਿਛਲੇ ਕਰੀਬ 3-ਸਾਢੇ 3 ਸਾਲ ਤੋਂ, ਪੰਜਾਬ ਸਰਕਾਰ ਨੂੰ ਚਿੱਠੀਆਂ ਲਿਖ ਕੇ, ਪੰਜਾਬੀ ਭਾਸ਼ਾ ਦੇ ਵਿਕਾਸ ਅਤੇ ਪਸਾਰ ਲਈ ਸੁਝਾਅ ਦਿੱਤੇ ਜਾ ਰਹੇ ਹਨ। ਇਨ੍ਹਾਂ ਚਿੱਠੀਆਂ ਦੇ ਉਤਾਰੇ ਆਪ ਜੀ ਦੇ ਵਿਭਾਗ ਅਤੇ ਭਾਸ਼ਾ ਵਿਭਾਗ ਨੂੰ ਵੀ ਭੇਜੇ ਜਾਂਦੇ ਹਨ। ਭਾਈਚਾਰੇ ਵਲੋਂ ਹੁਣ ਤੱਕ, ਇਸ ਵਿਸ਼ੇ ਨਾਲ ਸਬੰਧਤ ਕਰੀਬ 25 ਚਿੱਠੀਆਂ ਲਿਖੀਆਂ ਜਾ ਚੁੱਕੀਆਂ ਹਨ। ਮੁੱਖ ਮੰਤਰੀ ਸਾਹਿਬ ਤੋਂ ਲੈ ਕੇ

ਡਾਇਰੈਕਟਰ ਭਾਸ਼ਾ ਵਿਭਾਗ ਤੱਕ ਨੂੰ ਇਹ ਚਿੱਠੀਆਂ ਈਮੇਲ ਦੇ ਨਾਲ ਨਾਲ ਰਜਿਸਟਰਡ ਡਾਕ ਰਾਹੀਂ ਵੀ ਭੇਜੀਆਂ ਜਾਂਦੀਆਂ ਹਨ।

2. ਪੰਜਾਬੀ ਵਿਕਾਸ ਮੰਚ ਵੱਲੋਂ ਤਾਜ਼ੀ ਚਿੱਠੀ ਮਿਤੀ 14.03.2022 ਨੂੰ ਮੁੱਖ ਕਮਿਸ਼ਨਰ ਪੰਜਾਬ ਰਾਜ ਸੂਚਨਾ ਕਮਿਸ਼ਨ ਨੂੰ ਲਿਖੀ ਗਈ ਸੀ। ਇਸ ਚਿੱਠੀ ਵਿਚ ਸੂਚਨਾ ਕਮਿਸ਼ਨ ਦਾ ਧਿਆਨ ਪੰਜਾਬ ਰਾਜ ਭਾਸ਼ਾ ਐਕਟ ਦੀਆਂ ਵਿਵਸਥਾਵਾਂ ਵੱਲ ਦਵਾਇਆ ਗਿਆ ਸੀ। ਕਮਿਸ਼ਨ ਦਾ ਸਾਰਾ ਦਫ਼ਤਰੀ ਕੰਮ ਕਾਜ, ਇਨ੍ਹਾਂ ਵਿਵਸਥਾਵਾਂ ਦੀਆਂ ਉਲੰਘਣਾਵਾਂ ਕਰਕੇ, ਕੇਵਲ ਅੰਗਰੇਜ਼ੀ ਵਿਚ ਕੀਤਾ ਜਾ ਰਿਹਾ ਹੈ। ਇਸ ਅਣਗਹਿਲੀ ਵੱਲ ਵੀ ਉਪ ਕੁਲਪਤੀ ਸਾਹਿਬ ਦਾ ਧਿਆਨ ਦਵਾਇਆ ਗਿਆ। ਨਾਲ ਕਮਿਸ਼ਨ ਦੇ ਸਾਰੇ ਦਫ਼ਤਰੀ ਕੰਮ ਕਾਜ ਨੂੰ ਪੰਜਾਬੀ ਵਿਚ ਕਰਨ ਦੀ ਬੇਨਤੀ ਵੀ ਕੀਤੀ ਗਈ। ਡਾਇਰੈਕਟਰ ਭਾਸ਼ਾ ਵਿਭਾਗ ਨੂੰ ਇਸ ਚਿੱਠੀ ਦਾ ਉਤਾਰਾ ਭੇਜ ਕੇ ਬੇਨਤੀ ਕੀਤੀ ਗਈ ਕਿ ਉਹ ਸੂਚਨਾ ਕਮਿਸ਼ਨ ਦੇ ਦਫ਼ਤਰੀ ਕੰਮ ਕਾਜ ਦੀ ਪੜਤਾਲ ਕਰਕੇ, ਨਿਯਮਾਂ ਅਨੁਸਾਰ ਅਗਲੀ ਬਣਦੀ ਕਾਰਵਾਈ ਕਰੇ।

3. ਇਸੇ ਤਰ੍ਹਾਂ ਪੰਜਾਬੀ ਵਿਕਾਸ ਮੰਚ ਵੱਲੋਂ ਇੱਕ ਚਿੱਠੀ ਮਿਤੀ 14.03.2022 ਨੂੰ ਉਪ ਕੁਲਪਤੀ ਪੰਜਾਬੀ ਯੂਨੀਵਰਸਿਟੀ ਨੂੰ ਵੀ ਲਿਖੀ ਗਈ ਸੀ, ਜਿਸ ਵਿਚ ਵੀ ਉਪ ਕੁਲਪਤੀ ਸਾਹਿਬ ਦਾ ਧਿਆਨ ਪੰਜਾਬ ਰਾਜ ਭਾਸ਼ਾ ਐਕਟ ਦੀਆਂ ਵਿਵਸਥਾਵਾਂ ਵੱਲ ਦਵਾਇਆ ਗਿਆ ਸੀ। ਯੂਨੀਵਰਸਟੀ ਦਾ ਬਹੁਤਾ ਦਫ਼ਤਰੀ ਕੰਮ ਕਾਜ, ਇਨ੍ਹਾਂ ਵਿਵਸਥਾਵਾਂ ਦੀਆਂ ਉਲੰਘਣਾਵਾਂ ਕਰਕੇ, ਕੇਵਲ ਅੰਗਰੇਜ਼ੀ ਵਿਚ ਕੀਤਾ ਜਾ ਰਿਹਾ ਹੈ। ਇਸ ਅਣਗਹਿਲੀ ਵੱਲ ਵੀ ਉਪ ਕੁਲਪਤੀ ਸਾਹਿਬ ਦਾ ਧਿਆਨ ਦਵਾਇਆ ਗਿਆ ਸੀ। ਨਾਲ ਯੂਨੀਵਰਸਟੀ ਦੇ ਸਾਰੇ ਦਫ਼ਤਰੀ ਕੰਮ ਕਾਜ ਨੂੰ ਪੰਜਾਬੀ ਵਿਚ ਕਰਨ ਦੀ ਬੇਨਤੀ ਵੀ ਕੀਤੀ ਗਈ ਸੀ। ਡਾਇਰੈਕਟਰ ਭਾਸ਼ਾ ਵਿਭਾਗ ਨੂੰ ਇਸ ਚਿੱਠੀ ਦਾ ਉਤਾਰਾ ਭੇਜ ਕੇ ਬੇਨਤੀ ਕੀਤੀ ਗਈ ਕਿ ਉਹ ਯੂਨੀਵਰਸਟੀ ਦੇ ਦਫ਼ਤਰੀ ਕੰਮ ਕਾਜ ਦੀ ਪੜਤਾਲ ਕਰਕੇ, ਨਿਯਮਾਂ ਅਨੁਸਾਰ ਅਗਲੀ ਬਣਦੀ ਕਾਰਵਾਈ ਕਰੇ।

5. ਖੇਦ ਹੈ ਕਿ, ਮੁੱਖ ਮੰਤਰੀ ਸਾਹਿਬ ਦੇ ਨਿਰਦੇਸ਼ਾਂ ਦੇ ਬਾਵਜੂਦ ਭਾਸ਼ਾ ਵਿਭਾਗ ਵਲੋਂ ਅੱਜ ਤੱਕ ਕਿਸੇ ਵੀ ਚਿੱਠੀ ਦਾ ਕਦੇ ਭਾਈਚਾਰੇ ਨੂੰ ਜਬਾਵ ਨਹੀਂ ਦਿੱਤਾ ਗਿਆ।

6. ਉੱਪਰ ਦਿੱਤੇ ਤੱਥਾਂ ਤੋਂ ਸਪੱਸ਼ਟ ਹੈ ਕਿ ਡਾਇਰੈਕਟਰ ਭਾਸ਼ਾ ਵਿਭਾਗ ਅਤੇ ਉਸ ਦੇ ਸਬੰਧਤ ਅਧਿਕਾਰੀਆਂ ਵੱਲੋਂ ਰਾਜ ਭਾਸ਼ਾ ਐਕਟ ਵੱਲੋਂ ਲਗਾਈਆਂ ਗਈਆਂ ਜ਼ਿੰਮੇਵਾਰੀਆਂ ਦੀ ਉੱਕਾ ਨਾ ਪਰਵਾਹ ਕੀਤੀ ਜਾਂਦੀ ਹੈ ਅਤੇ ਨਾ ਪਾਲਣਾ। ਹੁਣ ਇਸ ਦਫ਼ਤਰ ਦੇ ਜ਼ਿਲ੍ਹਾ ਭਾਸ਼ਾ ਅਫ਼ਸਰ ਪੰਜਾਬ ਦੇ ਹਰ ਜ਼ਿਲ੍ਹੇ ਵਿਚ ਤਾਇਨਾਤ ਹਨ। ਉਨ੍ਹਾਂ ਵੱਲੋਂ ਨਾ ਆਪਣੇ ਆਪ ਪੰਜਾਬ ਸਰਕਾਰ ਦੇ ਦਫ਼ਤਰਾਂ ਵਿਚ ਜਾ ਕੇ ਦਫਤਰਾਂ ਵਿਚ ਹੁੰਦੇ ਦਫ਼ਤਰੀ ਕੰਮ ਕਾਜ ਦੀ ਪੜਤਾਲ ਕੀਤੀ ਜਾਂਦੀ ਹੈ ਅਤੇ ਨਾ ਹੀ ਉਨ੍ਹਾਂ ਦਫ਼ਤਰਾਂ ਦੀ ਜਿਨ੍ਹਾਂ ਬਾਰੇ ਪੰਜਾਬੀ ਭਾਸ਼ਾ ਪਸਾਰ ਭਾਈਚਾਰਾ ਭਾਸ਼ਾ ਵਿਭਾਗ ਨੂੰ ਲਿਖਤੀ ਰੂਪ ਵਿਚ ਸੂਚਿਤ ਕਰਦਾ ਹੈ।

ਕਿਰਪਾ ਕਰਕੇ ਡਾਇਰੈਕਟਰ ਭਾਸ਼ਾ ਵਿਭਾਗ ਅਤੇ ਉਸ ਦਫ਼ਤਰ ਨਾਲ ਸਬੰਧਤ ਅਧਿਕਾਰੀਆਂ ਨੂੰ ਹਦਾਇਤ ਕੀਤੀ ਜਾਵੇ ਕਿ ਉਹ ਪੰਜਾਬੀ ਭਾਸ਼ਾ ਦੇ ਵਿਕਾਸ ਅਤੇ ਪਸਾਰ ਨਾਲ ਸਬੰਧਤ ਮਸਲੇ ਉਠਾਉਣ ਵਾਲੀਆਂ ਚਿੱਠੀਆਂ ਨੂੰ ਗੰਭੀਰਤਾ ਨਾਲ ਲੈਣ। ਉਨ੍ਹਾਂ ਚਿੱਠੀਆਂ ਵਿਚ ਉਠਾਏ ਮਸਲਿਆਂ ਤੇ ਲੋੜੀਂਦੀ ਕਾਰਵਾਈ ਕਰਕੇ ਚਿੱਠੀ ਲਿਖਣ ਵਾਲਿਆਂ ਨੂੰ ਸੂਚਿਤ ਵੀ ਕਰਨ ਤਾਂ ਜੋ ਪੰਜਾਬੀ ਭਾਸ਼ਾ ਦਾ ਨਿਰੰਤਰ ਵਿਕਾਸ ਹੁੰਦਾ ਰਹੇ।

ਉਸਾਰੂ ਹੁੰਘਾਰੇ ਦੀ ਉਡੀਕ ਵਿਚ।

(ਰਜਿੰਦਰਪਾਲ ਸਿੰਘ)